The true picture of your local community
# NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

0800 CLEANUS
RED CLEANING
Old & New Build House Cleaning (Inside & Outside)
- Home Cleaning
- Carpet Cleaning
- Floor Polishing
- Water Blaster
- Lawn Mowing

Carpet Cleaning
3 Bedroom $95
5 Bedroom $135

- ਹੋਮ ਕਲੀਨਿੰਗ
- ਕਾਰਪੇਟ ਕਲੀਨਿੰਗ
- ਫਲੋਰ ਪੋਲਿਸ਼ਿੰਗ
- ਵਾਟਰ ਬਲਾਸਟਰ
- ਲਾਅਨ ਮੂਵਿੰਗ

Contact : Raj 021 8740 730, 0800 253 2687
www.redcleaning.co.nz

04 November 2018 Daily, editornztasveer@gmail.com designnztasveer@gmail.com Ph/Fax: 09 390 4644 FREE

## ਆਕਲੈਂਡ ਰੀਟੇਲਰ ਐਸੋਸੀਏਸ਼ਨ ਦੀ ਮੀਟਿੰਗ ਹੋਈ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਕਲੈਂਡ ਰੀਟੇਲ ਐਸੋਸੀਏਸ਼ਨ ਦੀ ਮੀਟਿੰਗ ਅੱਜ ਸਾਰੇ ਹੀ ਮੈਂਬਰ ਦੀ ਮੌਜੂਦਗੀ ਵਿੱਚ ਹੋਈ। ਜਿਸ ਵਿੱਚ ਪਿਛਲੇ ਸਾਲ ਦੀਆਂ ਕਾਰਵਾਈਆਂ ਦਾ ਲੇਖਾ-ਜੋਖਾ ਪੇਸ਼ ਕੀਤਾ ਗਿਆ ਜਿਸ ਨੂੰ ਸਾਰੇ ਹੀ ਮੈਂਬਰਾਂ ਅਤੇ ਆਹੁਦੇਦਾਰਾਂ ਨੇ ਸਬਰਸੰਮਤੀ ਨਾਲ ਪਾਸ ਕਰ ਦਿੱਤਾ। ਇਸ ਮੌਕੇ ਪਿਛਲੇ ਸਾਲ ਦੇ ਲੇਖੇ ਜੋਖੇ ਤੇ ਹੋਰ ਕਾਰਜਾਂ ਦੀ ਮੈਂਬਰਾਂ ਵੱਲੋਂ ਸ਼ਲਾਘਾ ਕੀਤੀ ਗਈ। ਇਸ ਮੌਕੇ ਨਰਿੰਦਰ ਸਿੰਗਲਾ ਦੀ ਚੇਅਰਮੈਨ ਦੀ ਰਹਿਨੇਮਾਈ ਹੇਠ ਸਰਬ-ਸੰਮਤੀ ਨਾਲ ਇਲੈਕਸ਼ਨ ਕਰਵਾਏ ਗਏ, ਜਿਸ ਵਿੱਚ ਡਾਕਟਰ ਪ੍ਰੀਤ ਨੂੰ ਪ੍ਰਧਾਨ, ਗੁਰਦੀਪ ਸਿੰਘ ਵਾਈਸ ਪ੍ਰਧਾਨ, ਜਗਜੀਤ ਸਿੰਘ ਸਿੱਧੂ ਨੂੰ ਜਨਰਕ ਸੈਕਟਰੀ, ਜੈ ਗੋਪਾਲ ਨੂੰ ਕੈਸ਼ੀਅਰ, ਰੰਜਨਾ ਗੌਰੀ ਨੂੰ ਅਸਿਸਟੈਂਟ ਸੈਕਟਰੀ ਅਤੇ ਅਗਜੈਕਟਿਵ ਮੈਂਬਰ ਨਵਤੇਜ ਰੰਧਾਵਾ, ਨਰਿੰਦਰ ਸਿੰਗਲਾ,ਪਵਨ ਕੁਮਾਰ, ਸੰਦੀਪ ਲੂਥਰਾ, ਸ਼ਤੀਸ਼ ਸ਼ਰਮਾ ਸ਼ੁਰੇਸ਼ ਰਾਨੀਗਾ ਨੂੰ ਚੁਣਿਆ ਗਿਆ।

## ਸਿੱਖ ਕਾਊਂਸਲ ਆਫ ਨਿਊਜ਼ੀਲੈਂਡ ਕਰ ਰਹੀ ਹੈ ਨਿਊਜ਼ੀਲੈਂਡ ਵਿੱਚ 'ਚ ਵੱਸਦੇ ਸਿੱਖ, ਪੰਜਾਬੀ ਅਤੇ ਹੋਰਨਾਂ ਭਾਈਚਾਰਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵੱਡੇ ਯਤਨ

### ਵੱਖ ਖੇਡ ਮੈਦਾਨਾਂ ਨੂੰ ਬਣਾਉਣ ਲਈ ਕਈ ਮਿਲੀਅਨ ਡਾਲਰ ਦਾ ਆਵੇਗਾ ਖਰਚਾ



ਆਕਲੈਂਡ (ਐਨੱ ਜੈੱਡ ਤਸਵੀਰ ਬਿਊਰੋ) ਸਿੱਖ ਕਾਊਂਸਲ 2007 ਵਿੱਚ ਹੋਂਦ ਚ ਆਈ ਸੀ ਜਿਸ ਦਾ ਮੁੱਖ ਟੀਚਾ ਸਿੱਖ ਭਾਈਚਾਰੇ ਨੂੰ ਹਰ ਪੱਖੋਂ ਚੜ੍ਹਦੀ ਕਲਾ ਚ ਰੱਖਣ ਦਾ ਸੀ। ਇਸ ਟੀਚੇ ਨੂੰ ਹਾਸਲ ਕਰਨ ਦੀ ਦਿਸ਼ਾ ਵਿੱਚ ਪਿਛਲੇ 11 ਸਾਲਾਂ ਤੋਂ ਕਾਊਂਸਲ ਦਿਨ ਰਾਤ ਇੱਕ ਕਰਕੇ ਕੰਮ ਕਰਦੀ ਆ ਰਹੀ ਹੈ ਅਤੇ ਇਸ ਦੇ ਕੰਮਾਂ ਦੇ ਸ਼ਾਨਦਾਰ ਨਤੀਜੇ ਸਾਡੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਸ.ਅਵਤਾਰ ਸਿੰਘ ਗਿਰਨ ਦੀ ਪ੍ਰਧਾਨਗੀ ਹੇਠ ਕੰਮ ਸ਼ੁਰੂ ਹੋਇਆ ਸੀ ਅਤੇ ਫਿਰ ਸ. ਬਚਨ ਸਿੰਘ ਨਿਹਾਲਗੜ੍ਹ ਦੀ ਪ੍ਰਧਾਨ ਆਪਣਾ ਕੰਮ ਕਰਦੀ ਆ ਰਹੀ ਹੈ। ਸਮੇਂ ਦੇ ਨਾਲ-ਨਾਲ ਕਈਂ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ , ਪਰ ਕਾਊਂਸਲ ਸਿਰੜ ਨਾਲ ਆਪਣੇ ਟੀਚੇ ਵੱਲ ਵੱਧਦੀ ਗਈ। ਕਾਊਂਸਲ ਦਾ ਮੰਨਣਾ ਹੈ ਕਿ ਵੱਧ ਤੋਂ ਵੱਧ ਭਾਈਚਾਰੇ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਦੀ ਲੋੜ ਇਸ ਲਈ ਹੈ ਕਿ ਇੱਕ ਤਾਂ ਸਰੀਰਕ ਤੰਦਰੁਸਤੀ ਵੀ ਬਣੀ ਰਹੇ ਦੂਜਾ ਖੇਡਾਂ ਦੀ ਦੁਨੀਆਂ ਵਿੱਚ ਸਾਡੀ ਕੌਮ ਦੇ ਸਿਰਕੱਢ ਖਿਡਾਰੀ ਤਿਆਰ ਹੋ ਸਕਣ। ਇਸ ਟੀਚੇ ਨੂੰ ਮੁੱਖ ਰੱਖ ਕੇ ਡਾਕਟਰ ਅਸ਼ਰਫ ਚੌਧਰੀ ਅਤੇ ਰੌਸ ਰੌਬਰਟਸਨ ਦੀ ਮਦਦ ਨਾਲ ਸਿੱਖ ਕਾਊਂਸਲ ਨੂੰ ਈਸਟ ਟਮਾਕੀ ਰੋਡ 'ਤੇ ਸਥਿੱਤ ਹੈ ਹੈਂਪਟਨ ਪਾਰਕ ਨੂੰ ਖੇਡਾਂ ਲਈ ਵਰਤਣ ਦੀ ਮਨਜ਼ੂਰੀ ਮਿਲ ਗਈ ਹੈ ।2016 ਆਕਲੈਂਡ ਕਾਊਂਸਲ ਦੀਆਂ ਚੋਣਾਂ ਵਿੱਚ ਪਹਿਲੀ ਵਾਰ ਪੰਜਾਬੀ ਮੂਲ ਦੇ ਡਾਕਟਰ ਅਸ਼ਰਫ ਚੌਧਰੀ ਪਾਪਾਟੋਏਟੋਏ ਤੋਂ ਲੋਕਲ ਬੋਰਡ ਵਿੱਚ ਚੁਣ ਕੇ ਆਏ ਅਤੇ ਸ੍ਰੀ ਰੌਸ ਰੌਬਰਟਸਨ ਕਈ ਦਹਾਕਿਆਂ ਤੋਂ ਸਾਡੀ ਕਮਿਊਨਿਟੀ ਨਾਲ ਡੂੰਘਾ ਤਾਲਮੇਲ ਬਣਾ ਕੇ ਰੱਖਦੇ ਹਨ, ਇਸ ਦਾ ਹੀ ਨਤੀਜਾ ਹੈ ਕਿ ਸਾਡੀਆਂ ਲੋੜਾਂ ਸਮਝ ਕੇ ਉਨ੍ਹਾਂ ਨੂੰ ਨਜਿੱਠਣ ਲਈ ਉਪਲੱਬਧ ਸਰਕਾਰੀ ਵਸੀਲਿਆਂ ਤੱਕ ਸਾਡੀ ਪਹੁੰਚ ਬਣੀ, ਅਤੇ ਇਹ ਖੇਡ ਮੈਦਾਨ ਸਾਡੀ ਕਮਿਊਨਿਟੀ ਦੀ ਵਰਤੋਂ ਲਈ ਮੁਹੱਈਆ ਹੋਇਆ। ਸਿੱਖ ਕਾਊਂਸਲ ਦਾ ਸ਼ੁਰੂ ਤੋਂ ਹੀ ਇਹ ਯਤਨ ਰਿਹਾ ਹੈ ਕਿ ਹਰ ਪਾਰਟੀਬਾਜੀ-ਧੜੇਬਾਜ਼ੀ ਤੋਂ ਉੱਪਰ ਉੱਠ ਕੇ ਸਾਰਿਆਂ ਦੀ ਭਲਾਈ ਲਈ ਕੰਮ ਕੀਤਾ ਜਾਵੇ, ਇਸ ਲਈ ਅਸੀਂ ਸਾਰੇ ਖੇਡ ਕਲੱਬਾਂ ਨੂੰ ਖੁੱਲ੍ਹਾ ਸੱਦਾ ਦਿੰਦੇ ਹਾਂ, ਕਿ ਆਪਣਾ ਇੱਕ-ਇੱਕ ਨੁਮਾਇੰਦਾ ਇਸ ਖੇਡ ਮੈਦਾਨ ਨੂੰ ਚਲਾਉਣ ਲਈ ਬਣਾਏ ਜਾ ਰਹੇ ਟਰੱਸਟ ਵਿੱਚ ਸ਼ਾਮਲ ਕਰਨ ਲਈ ਕਲੱਬ ਵੱਲੋਂ ਮਤਾ ਪਾਸ ਪਾਸ ਕਰਕੇ ਭੇਜਣ। ਹਰ ਟਰੱਸਟੀ ਦਾ ਕਾਰਜਕਾਰ ਇੱਕ ਸਾਲ ਦਾ ਹੋਵੇਗਾ ਖੇਡ ਮੈਦਾਨ ਦੇ ਟਰੱਸਟ ਵਿੱਚ ਆਪਣੀਆਂ ਸੇਵਾਵਾਂ ਪਹਿਲਾਂ ਵਾਂਗ ਹੀ ਨਿਭਾਉਂਦੇ ਰਹਿਣ ਲਈ ਇੱਕ ਸਾਲ ਬਾਅਦ ਟਰੱਸਟੀ ਨੂੰ ਆਪਣੇ ਕਲੱਬ ਤੋਂ ਨਵਾਂ ਮਤਾ ਪਾਸ ਕਰਵਾਉਣਾ ਪਵੇਗਾ ਇਸ ਸਬੰਧੀ ਵਧੇਰੀ ਜਾਣਕਾਰੀ ਲਈ ਸਿੱਖ ਕਾਊਂਸਲ ਦੇ ਪ੍ਰਧਾਨ ਸਰਦਾਰ ਬਚਨ ਸਿੰਘ ਨਿਹਾਲਗੜ੍ਹ ਨੂੰ 021997235, ਉਪ ਪ੍ਰਧਾਨ ਸ. ਮੋਹਨ ਸਿੰਘ ਬਾਠ ਨੂੰ 0274356662 'ਤੇ ਅਤੇ ਸਕੱਤਰ ਸ. ਵਰਪਾਲ ਸਿੰਘ ਨੂੰ 0221885677 'ਤੇ ਸੰਪਰਕ ਕਰ ਸਕਦੇ ਹੋ। ਮੈਦਾਨ ਨੂੰ ਟੂਰਨਾਮੈਂਟ ਜਾਂ ਪ੍ਰੈਕਟਿਸ ਲਈ ਬੁੱਕ ਕਰਾਉਣ ਲਈ ਈ ਮੇਲ ਕਰੋ- sikh.council'yahoo.com ਜਾਂ verpalsingh@yahoo.com 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।Hampton Park (Te Puke O Tara)CCDE East Tamaki Road East Tamaki 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਆਸਟ੍ਰੇਲੀਆ 'ਚ ਪੱਕੀ ਨਾਗਰਿਕਤਾ ਹਾਸਲ ਕਰਨ 'ਚ ਭਾਰਤੀ 'ਨੰਬਰ ਵਨ'

ਸਿਡਨੀ(ਏਜੰਸੀ)— ਵਿਦੇਸ਼ ਜਾਣ ਦਾ ਚਾਅ ਭਾਰਤੀਆਂ ਦੇ ਸਿਰ ਚੜ੍ਹ ਕੇ ਬੋਲਦਾ ਹੈ। ਕਿਸੇ ਨੂੰ ਸ਼ੌਂਕ ਤੇ ਕਿਸੇ ਨੂੰ ਮਜਬੂਰੀ ਵਿਦੇਸ਼ ਲੈ ਜਾਂਦੀ ਹੈ। ਇਕ ਰਿਪੋਰਟ ਮੁਤਾਬਕ ਭਾਰਤੀਆਂ ਨੇ ਹੋਰ ਦੇਸ਼ਾਂ ਵਲੋਂ ਮੂੰਹ ਫੇਰ ਕੇ ਆਸਟ੍ਰੇਲੀਆ ਦਾ ਰਾਹ ਫੜ ਲਿਆ ਹੈ। ਆਸਟ੍ਰੇਲੀਆ 'ਚ 2014-15 ਤੋਂ ਲਗਭਗ 1,18,000 ਭਾਰਤੀ ਮੂਲ ਦੇ ਲੋਕਾਂ ਨੇ ਇੱਥੋਂ ਦੀ ਨਾਗਰਿਕਤਾ ਹਾਸਲ ਕੀਤੀ ਹੈ। ਪਿਛਲੇ 5 ਸਾਲਾ ਦੌਰਾਨ ਵੱਡੀ ਗਿਣਤੀ 'ਚ ਭਾਰਤੀ ਪ੍ਰਵਾਸੀਆਂ ਨੇ ਇੱਥੋਂ ਦੀ ਪੱਕੀ ਨਾਗਰਿਕਤਾ ਹਾਸਲ ਕੀਤੀ ਹੈ, ਜੋ ਕਿ ਇਕ ਰਿਕਾਰਡ ਹੈ। ਬਾਕੀ ਦੇਸ਼ਾਂ ਦੇ ਲੋਕਾਂ ਦੀ ਗਿਣਤੀ ਭਾਰਤੀਆਂ ਤੋਂ ਘੱਟ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਆਸਟ੍ਰੇਲੀਆ ਪੜ੍ਹਨ ਜਾਣ ਵਾਲਿਆਂ 'ਚ ਵੱਡੀ ਗਿਣਤੀ ਭਾਰਤੀਆਂ ਦੀ ਹੁੰਦੀ ਹੈ ਜੋ ਕਿ ਇੱਥੋਂ ਦੀ ਪੱਕੀ ਨਾਗਰਿਕਤਾ ਲਈ ਅਪਲਾਈ ਕਰ ਦਿੰਦੇ ਹਨ। ਰਿਪੋਰਟ ਮੁਤਾਬਕ 20 ਫਰਵਰੀ, 2018 ਤਕ 54,419 ਅਰਜ਼ੀਆਂ ਦਾ ਨਿਪਟਾਰਾ ਹੋਇਆ ਸੀ, ਜਿਨ੍ਹਾਂ 'ਚੋਂ 10,168 ਅਰਜ਼ੀਆਂ ਭਾਰਤੀਆਂ ਦੀਆਂ ਸਨ। ਸਾਲ 2016-17 'ਚ 22,000 ਤੋਂ ਵੀ ਵਧ ਭਾਰਤੀ ਲੋਕਾਂ ਨੇ ਪੱਕੀ ਨਾਗਰਿਕਤਾ ਪ੍ਰਾਪਤ ਕੀਤੀ ਸੀ, ਜਦਕਿ ਬਰਤਾਨੀਆ ਦੇ 19,617 ਲੋਕ ਇੱਥੋਂ ਦੇ ਨਾਗਰਿਕ ਬਣੇ ਸਨ। ਇੰਮੀਗ੍ਰੇਸ਼ਨ ਅਧਿਕਾਰੀਆਂ ਮੁਤਾਬਕ ਅਜੇ 2,45,000 ਅਰਜ਼ੀਆਂ ਪੈਂਡਿੰਗ ਹਨ, ਜਿਨ੍ਹਾਂ ਨੂੰ 17-18 ਮਹੀਨਿਆਂ ਤਕ ਹੀ ਅਪਰੂਵਲ ਮਿਲ ਸਕਦੀ ਹੈ। ਫਿਲਹਾਲ ਕਿਹਾ ਜਾ ਸਕਦਾ ਹੈ ਕਿ ਆਸਟ੍ਰੇਲੀਅਨ ਸਿਟੀਜ਼ਨਸ਼ਿਪ ਹਾਸਲ ਕਰਨ ਵਾਲਿਆਂ 'ਚ ਭਾਰਤੀ ਨੰਬਰ ਵਨ ਹਨ।



## ਬਲਬੀਰ ਸਿੰਘ ਬਸਰਾ ਨੇ 'ਫੁੱਲ ਮੈਰਾਥਨ' ਅਤੇ ਸੰਨੀ ਸਿੰਘ ਨੇ 'ਹਾਫ ਮੈਰਾਥਨ' ਜਿੱਤੀ





ਆਕਲੈਂਡ (ਐਨੱ ਜੈੱਡ ਤਸਵੀਰ ਬਿਊਰੋ) ਬੀਤੇ ਐਤਵਾਰ ਨੂੰ 'ਆਕਲੈਂਡ ਮੈਰਾਥਨ' ਦਾ ਆਯੋਜਿਨ ਡੈਵਨਪੋਰਟ ਬੰਦਰਗਾਹ ਆਕਲੈਂਡ ਤੋਂ ਵਿਕਟੋਰੀਆ ਪਾਰਕ ਤੱਕ ਕੀਤਾ ਗਿਆ। ਇਸ ਮੈਰਾਥਨ ਦੌੜ ਦੇ ਵਿਚ 15000 ਤੋਂ ਜਿਆਦਾ ਲੋਕਾਂ ਨੇ ਭਾਗ ਲਿਆ। ਇਨ੍ਹਾਂ ਵਿਚੋਂ ਕੁਝ ਨੇ ਪੂਰੀ ਮੈਰਾਥਨ ਦੌੜ (42.19) ਕਿਲੋਮੀਟਰ) ਅਤੇ ਕੁਝ ਨੇ ਅੱਧੀ ਮੈਰਥਨ (21.1 ਕਿਲੋਮੀਟਰ) ਕੁਝ ਨੇ 12 ਕਿਲੋਮੀਟਰ ਅਤੇ ਕੁਝ ਨੇ 5 ਕਿਲੋਮੀਟਰ ਮੈਰਾਥਨ ਦੌੜ ਪੂਰੀ ਕੀਤੀ। ਨਿਊਜ਼ੀਲੈਂਡ 'ਚ ਪੰਜਾਬੀਆਂ ਦੀ ਜਨਸੰਖਿਆ ਭਾਵੇਂ 30000 ਤੋਂ ਉਪਰ ਆਖੀ ਜਾਂਦੀ, ਪਰ ਅਜਿਹੀਆਂ ਮੈਰਾਥਨ ਦੌੜਾਂ ਦੇ ਵਿਚ ਉਨ੍ਹਾਂ ਦੀ ਬਹੁਤ ਘੱਟ ਹੁੰਦੀ ਹੈ। ਸ. ਬਲਬੀਰ ਸਿੰਘ ਬਸਰਾ (ਫੁੱਲ ਮੈਰਾਥਨ ਦੌੜਾਕ) ਖਲਵਾੜਾ ਗੇਟ ਫਗਵਾੜਾ ਜਿਨ੍ਹਾਂ ਨੇ 11ਵੀਂ ਵਾਰ ਫੁੱਲ ਮੈਰਾਥਨ ਦੌੜ ਪੂਰੀ ਕੀਤੀ। ਸ. ਬਲਬੀਰ ਸਿੰਘ ਬਸਰਾ ਇਸ ਵੇਲੇ 80ਵੇਂ ਸਾਲ 'ਤੇ ਹੈ ਪਰ ਇਸ ਉਮਰ ਦੇ ਵਿਚ ਕੋਈ ਦੌੜਦਾ ਹੋਵੇ ਉਹ ਸ਼ਾਇਦ ਸਥਾਨਿਕ ਵਾਸੀਆਂ ਲਈ ਹੈਰਾਨੀ ਵਾਲੀ ਗੱਲ ਹੈ। ਇਸ ਵਾਰ ਫਿਰ ਉਨ੍ਹਾਂ ਨੇ 42 ਕਿਲੋਮੀਟਰ ਦਾ ਸਫਰ 6 ਘੰਟੇ 35 ਮਿੰਟ ਦੇ ਵਿਚ ਪੂਰਾ ਕਰਕੇ 'ਮੈਰਾਥਨ ਫਿਨਿਸ਼ਰ' ਵਾਲਾ ਮੈਡਲ ਜਿੱਤਿਆ ਹੈ। ਇਸ ਵਾਰ ਸ. ਬਸਰਾ ਦੇ ਪੈਰ ਦੇ ਵਿਚ ਭਾਵੇਂ ਕੁਝ ਪ੍ਰੇਸ਼ਾਨੀ ਸੀ, ਡਾਕਟਰਾਂ ਨੇ ਜਿਆਦਾ ਨਾ ਚੱਲਣ ਦੀ ਸਲਾਹ ਦਿੱਤੀ ਸੀ, ਇਸਦੇ ਬਾਵਜੂਦ ਵੀ ਉਨ੍ਹਾਂ ਨੇ ਪਰਿਵਾਰਕ ਮੈਂਬਰਾਂ ਦੀ ਸੁਪਰੋਟ ਦੇ ਨਾਲ ਇਸ ਫੁੱਲ ਮੈਰਾਥਨ ਦੌੜ ਦੇ ਵਿਚ ਹਿਸਾ ਲੈਣ ਦਾ ਫੈਸਲਾ ਲਿਆ ਅਤੇ ਜਿੱਤ ਨੇ ਉਨ੍ਹਾਂ ਦੇ ਕਦਮ ਚੁੰਮੇ। ਹਾਫ ਮੈਰਾਥਨ ਜੇਤੂ ਸੰਨੀ ਸਿੰਘ ਨੇ ਸਾਬਿਤ ਕਰ ਦਿੱਤਾ ਕਿ ਬੰਦਾ ਕੰਮ ਕੋਈ ਵੀ ਕਰਦਾ ਹੋਵੇ ਜੇ ਉਸ ਦੇ ਮਨ ਵਿੱਚ ਕੁੱਝ ਕਰਨ ਦੀ ਤਮੰਨਾ ਹੋਵੇ ਤਾਂ ਕਿਸੇ ਵੀ ਟੀਚੇ ਨੂੰ ਹਾਸਿਲ ਕੀਤਾ ਜਾ ਸਕਦਾ ਹੈ। ਸੰਨੀ ਸਿੰਘ ਇੱਕ ਇੰਮੀਗ੍ਰੇਸ਼ਨ ਸਲਾਹਕਾਰ ਨੇ. ਫੇਰ ਵੀ ਆਪਣੇ ਬਿਜੀ ਸਡਿਊਲ ਵਿੱਚੋਂ ਉਨਾ ਨੇ ਪ੍ਰੈਕਟਿਸ ਲਈ ਵਕਤ ਕੱਢਿਆ। ਉਨਾਂ ਨੇ 21 ਕਿਲੋਮੀਟਰ ਦਾ ਸਫਰ 2 ਅੰਟੇ 45 ਮਿੰਟ ਵਿੱਚ ਪੂਰਾ ਕੀਤਾ। ਜਿੱਤਣ ਤੋਂ ਬਾਅਦ ਉਨ੍ਹਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਨਾਂ ਨੂੰ ਪੂਰੀ ਦੌੜ ਵਿੱਚ ਇੱਕ ਚੀਜ ਨੇ ਦੁਖੀ ਕੀਤਾ ਕਿ ਇਸ ਦੌੜ ਵਿੱਚ ਪੰਜਾਬੀਆਂ ਦੀ ਗਿਣਤੀ ਬਹੁਤ ਘੱਟ ਸੀ। ਦੋਵਾਂ ਦੌੜਾਕਾਂ ਨੂੰ ਕਮਿਊਨਿਟੀ ਵੱਲੋਂ ਵਧਾਈ ਦਿੱਤੀ ਗਈ।

## ਨਿਊਜ਼ੀਲੈਂਡ 'ਚ ਅਕਾਲੀ ਦਲ ਨੇ ਆਪਣੇ ਮੁੱਖ ਬੁਲਾਰੇ ਨੂੰ ਬਰਖਾਸਤ ਕੀਤਾ




ਆਕਲੈਂਡ (ਐੱਨ ਜੈਂਡ ਤਸਵੀਰ ਬਿਊਰੋ) ਅਕਾਲੀ ਦਲ ਪਾਰੀ ਉੱਤੇ ਸੰਕਟ ਦੇ ਬੱਦਲ ਕੇਵਲ ਪੰਜਾਬ ਵਿੱਚ ਹੀ ਨਹੀਂ ਮੰਡਰਾਅ ਰਹੇ ਸਗੋਂ ਬਾਹਰ ਵਿਦੇਸ਼ਾਂ ਵਿੱਚ ਇਸ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਉੱਤਮ ਚੰਦ ਸ਼ਰਮਾ ਜੋ ਕਿ ਨਿਊਜ਼ੀਲੈਂਡ ਸ਼੍ਰੋਮਣੀ ਅਕਾਲੀ ਦਲ ਇਕਾਈ ਦੇ ਮੁੱਖ ਬੁਲਾਰੇ ਵਜੋਂ ਪਿਛਲੇ ਕਾਫੀ ਲੰਬੇ ਸਮੇਂ ਤੋਂ ਆਪਣੀ ਸੇਵਾਵਾਂ ਨਿਭਾਅ ਰਹੇ ਸਨ। ਉਨ੍ਹਾਂ ਵੱਲੋ ਪਾਰਟੀ ਵਿਰੋਧੀ ਕੀਤੀਆਂ ਗਈਆਂ ਕੁਝ ਗਤੀਵਿਧੀਆਂ ਦੇ ਚੱਲਦਿਆਂ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਪਾਰਟੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਇਸ ਗੱਲ ਦੀ ਪੁਸ਼ਟੀ ਪਾਰਟੀ ਦੇ ਨਿਊਜ਼ੀਲੈਂਡ ਇਕਾਈ ਦੇ ਪ੍ਰਧਾਨ ਬੌਬੀ ਬਰਾੜ ਵੱਲੋਂ ਕੀਤੀ ਗਈ ਹੈ।

## ਭਗਵੰਤ ਮਾਨ ਖਿਲਾਫ ਚੋਣ ਮੈਦਾਨ 'ਚ ਉਤਰਨਗੇ ਸਿਮਰਨਜੀਤ ਸਿੰਘ ਮਾਨ

ਸੰਗਰੂਰ— ਇਸ ਵਾਰ ਲੋਕ ਸਭਾ ਚੋਣਾਂ 'ਚ ਸੰਗਰੂਰ ਹਲਕਾ ਕਾਫੀ ਸੁਰਖੀਆਂ 'ਚ ਰਹਿਣ ਵਾਲਾ ਹੈ। ਆਮ ਆਦਮੀ ਪਾਰਟੀ 'ਚ ਮਚੇ ਘਮਾਸਾਨ ਨੂੰ ਲੈ ਕੇ ਭਗਵੰਤ ਮਾਨ ਪਹਿਲਾਂ ਹੀ ਸੁਰਖੀਆਂ 'ਚ ਹਨ। ਹੁਣ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵੀ ਸੰਗਰੂਰ ਤੋਂ ਸੰਸਦੀ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਪਾਰਟੀ ਅਤੇ ਸੰਗਰੂਰ ਪਾਰਲੀਮੈਂਟ ਹਲਕੇ ਦੇ ਆਗੂਆਂ ਦਾ ਹੁਕਮ ਮੰਨਦਿਆਂ ਉਨ੍ਹਾਂ ਨੇ ਸੰਗਰੂਰ ਹਲਕੇ ਤੋਂ ਚੋਣ ਲੜਨ ਦਾ ਫੈਸਲਾ ਕੀਤਾ ਹੈ।

ਸਿਮਰਨਜੀਤ ਸਿੰਘ ਮਾਨ ਨੇ ਮੋਦੀ ਸਰਕਾਰ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ 'ਤੇ ਵੀ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਨੂੰ ਪੂਰੀ ਤਰ੍ਹਾਂ ਹਿੰਦੂਤਵ ਰੰਗ 'ਚ ਰੰਗ ਕੇ ਕੇਂਦਰੀ ਹਕੂਮਤ ਅਤੇ ਪੰਜਾਬ ਸਰਕਾਰ ਸੂਬੇ ਦੇ ਸੱਭਿਆਚਾਰ, ਸਿੱਖ ਧਾਰਮਿਕ ਪ੍ਰੰਪਰਾਵਾਂ ਬੋਲੀ ਲਿਪੀ ਅਤੇ ਸਿੱਖ ਇਤਿਹਾਸ ਨੂੰ ਮਲੀਆਮੇਟ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਜਦੋਂ ਮਾਨਸਰੋਵਰ ਲਈ ਚੀਨ ਤੋਂ ਰਸਤਾ ਲਿਆ ਜਾ ਸਕਦਾ ਹੈ ਤਾਂ ਕਰਤਾਰਪੁਰ ਲਈ ਤਿੰਨ ਕਿਲੋਮੀਟਰ ਦਾ ਟੋਟਾ ਕਿਉਂ ਨਹੀਂ ਲਿਆ ਜਾ ਸਕਦਾ।ਇਥੋਂ ਪਤਾ ਚਲਦਾ ਹੈ ਕਿ ਦੇਸ਼ 'ਚ ਹਿੰਦੂਤਵ ਸੋਚ ਭਾਰੂ ਹੈ ਪਰ ਅਕਾਲੀ ਦਲ (ਅੰਮ੍ਰਿਤਸਰ) ਅਜਿਹੀਆਂ ਨੀਤੀਆਂ ਨੂੰ ਬਰਦਾਸ਼ਤ ਨਹੀਂ ਕਰੇਗਾ। ਜ਼ਿਕਰਯੋਗ ਹੈ ਕਿ 2014 ਦੀਆਂ ਲੋਕ ਸਭਾ ਚੋਣਾਂ 'ਚ ਭਗਵੰਤ ਮਾਨ ਨੇ ਇਸ ਸੀਟ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਦਿੱਗਜ ਸੁਖਦੇਵ ਸਿੰਘ ਢੀਂਡਸਾ ਨੂੰ 2 ਲੱਖ ਤੋਂ ਵੱਧ ਵੋਟਾਂ ਦੇ ਫਰਕ ਨਾਲ ਮਾਤ ਦਿੱਤੀ ਸੀ। ਉੱਥੇ ਹੀ 2019 'ਚ ਹੋਣ ਵਾਲੀਆਂ ਲੋਕਾਂ ਸਭਾ ਚੋਣਾਂ 'ਚ ਵੀ ਭਗਵੰਤ ਮਾਨ ਸੰਗਰੂਰ ਤੋਂ ਹੀ ਚੋਣ ਲੜਨਗੇ। ਹਾਲ ਹੀ 'ਚ ਆਮ ਆਦਮੀ ਪਾਰਟੀ ਨੇ 2019 ਦੀਆਂ ਲੋਕ ਸਭਾ ਚੋਣਾਂ ਲਈ 5 ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਅਜੇ ਤਕ ਇਸ ਸੀਟ 'ਤੇ ਆਪਣੇ ਉਮੀਦਵਾਰਾਂ ਦੇ ਨਾਮ ਦੇ ਪੱਤੇ ਨਹੀਂ ਖੋਲ੍ਹੇ ਗਏ ਹਨ।

## ਸ਼੍ਰੋਮਣੀ ਅਕਾਲੀ ਦਲ 'ਤੇ ਬਾਗੀ ਭਾਰੀ, ਬ੍ਰਹਮਪੁਰਾ ਨੇ 11 ਵਜੇ ਸੱਦੀ ਅਹਿਮ ਮੀਟਿੰਗ



ਤਰਨਤਾਰਨ — ਸ਼੍ਰੋਮਣੀ ਅਕਾਲੀ ਦਲ ਤੋਂ ਨਾਰਾਜ਼ ਮਾਝਾ ਖਿੱਤੇ ਨਾਲ ਸਬੰਧਤ ਟਕਸਾਲੀ ਅਕਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਅੱਜ ਚੋਹਲਾ ਸਾਹਿਬ ਦੇ ਗੁਰਦੁਆਰਾ ਸਾਹਿਬ ਵਿਚ ਆਪਣੇ ਹਿਮਾਇਤੀਆਂ ਤੇ ਹੋਰ ਵਰਕਰਾਂ ਨਾਲ ਮੁਲਾਕਾਤ ਕਰਨਗੇ।ਜਾਣਕਾਰੀ ਮੁਤਾਬਕ ਸਵੇਰੇ 11 ਵਜੇ ਤਰਨਤਾਰਨ ਵਿਖੇ ਇਹ ਮੀਟਿੰਗ ਹੋਵੇਗੀ। ਇਸ ਮੌਕੇ ਉਨ੍ਹਾਂ ਦੇ ਭਾਣਜੇ ਤੇ ਬੇਹੱਦ ਕਰੀਬੀ ਸਮਝੇ ਜਾਂਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਲਵਿੰਦਰਪਾਲ ਸਿੰਘ ਪੱਖੋਕੇ ਹਾਜ਼ਰ ਨਹੀਂ ਹੋਣਗੇ। ਰਣਜੀਤ ਸਿੰਘ ਬ੍ਰਹਮਪੁਰਾ ਖਡੂਰ ਸਾਹਿਬ ਹਲਕੇ ਤੋਂ ਅਕਾਲੀ ਦਲ ਦੇ ਸੰਸਦ ਮੈਂਬਰ ਵੀ ਹਨ। ਬ੍ਰਹਮਪੁਰਾ ਸਾਂਝੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਕਾਰਜਕਾਲ ਸਮੇਂ ਵੀ ਸੁਰਖੀਆਂ ਵਿਚ ਰਹਿ ਚੁੱਕੇ ਹਨ ਤੇ ਉਨ੍ਹਾਂ ਦਾ ਇਲਾਕੇ ਵਿਚ ਕਾਫੀ ਅਸਰ ਹੈ। ਕਿਹਾ ਜਾ ਰਿਹਾ ਹੈ ਕਿ ਇਲਾਕੇ ਦੇ ਕਈ ਹੋਰ ਆਗੂ ਜਿਨ੍ਹਾਂ ਵਿਚ ਗੁਰਬਚਨ ਸਿੰਘ ਕਰਮੂੰਵਾਲਾ, ਪ੍ਰੇਮ ਸਿੰਘ ਪੰਨੂ, ਕੁਲਦੀਪ ਸਿੰਘ ਔਲਖ, ਰਮਨਜੀਤ ਸਿੰਘ ਭਰੋਵਾਲ, ਗੁਰਦਿਆਲ ਸਿੰਘ ਮੁੰਡਾਪਿੰਡ, ਦਲਬੀਰ ਸਿੰਘ ਜਹਾਂਗੀਰ ਸ਼ਾਮਲ ਹਨ, ਬ੍ਰਹਮਪੁਰਾ ਨੂੰ ਅਲਵਿਦਾ ਕਹਿ ਗਏ ਹਨ। ਰਣਜੀਤ ਸਿੰਘ ਬ੍ਰਹਮਪੁਰਾ ਦੇ ਨਿੱਜੀ ਸਹਾਇਕ ਨੇ ਦੱਸਿਆ ਕਿ ਐਤਵਾਰ ਨੂੰ ਕੀਤੇ ਜਾਣ ਵਾਲੇ ਇਕੱਠ ਲਈ ਉਨ੍ਹਾਂ ਕਿਸੇ ਬਾਹਰਲੇ ਆਗੂ ਨੂੰ ਸੱਦਾ ਨਹੀਂ ਭੇਜਿਆ ਤੇ ਬ੍ਰਹਮਪੁਰਾ ਆਪ ਹੀ ਸੰਬੋਧਨ ਕਰਨਗੇ।